# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ:ਮੁੱਖ ਲੇਖਾ ਅਫਸਰ, ਕੇਂਦਰੀਕਰਨ ਪੇ ਅਤੇ ਪੈਨਸ਼ਨ ਭਾਗ, ਪਟਿਆਲਾ)

ਵੱਲ,

ਸਾਰੇ ਪ੍ਰਮੁੱਖ/ਮੁੱਖ ਇੰਜੀ:/ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟ੍ਰਾ:ਕਾ:ਲਿਮ:,
ਸਾਰੇ ਉਪ ਮੁੱਖ ਇੰਜੀ/ਨਿਗ:ਇੰਜੀ:/ ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:,
ਸਾਰੇ ਉਪ ਸਕੱਤਰ/ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:
ਸਾਰੇ ਉਪ ਮੁੱਖ ਲੇਖਾਅਫਸਰ, ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟ੍ਰਾ:ਕਾ:ਲਿਮ:,,
ਸਾਰੇ ਡੀ.ਡੀ.ਓਜ਼, ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:,

ਪੱਤਰਨੰ: 2229/2928 ਮਿਤੀ 10.5.2013

ਵਿਸ਼ਾ: ਤਨਖਾਹ ਅਤੇ ਪੈਨਸ਼ਨ ਦਾ ਕੇਂਦਰੀਕਰਣ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦਾ ਮੀਮੋ ਨੰਬਰ 32/731 ਮਿਤੀ: 09.01.2013

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਆਪਜੀ ਨੂੰ ਸੂਚਿਤ ਕੀਤਾ ਜਾਂਦਾਂ ਹੈ ਕਿ ਤਨਖਾਹ ਅਤੇ ਪੈਨਸ਼ਨ ਦੀ ਅਦਾਇਗੀਆਂ ਸਬੰਧੀ ਮਹਿਕਮੇ ਵੱਲੋਂ ਇਸ ਕੰਮ ਨੂੰ ਨਜਿੱਠਣ ਲਈ ਹੇਠ ਲਿਖੇ ਬੈਂਕਾਂ ਵਿਚੋਂ ਕੇਂਦਰੀ ਤੋਰ ਤੇ ਤਨਖਾਹ/ਪੈਨਸ਼ਨ ਦੀ ਅਦਾਇਗੀ ਕਰਨ ਦਾ ਫੈਸਲਾ ਕੀਤਾ ਸੀ :-

1. ਸਟੇਟ ਬੈਂਕ ਆਫ ਪਟਿਆਲਾ
2. ਸਟੇਟ ਬੈਂਕ ਆਫ ਇੰਡੀਆ
3. ਪੰਜਾਬ ਨੈਸ਼ਨਲ ਬੈਂਕ
4. ਓਰੀਐਂਟਲ ਬੈਂਕ ਆਫ ਕਾਮਰਸ
5. ਐਚ.ਡੀ.ਐਫ.ਸੀ.ਬੈਂਕ
6. ਐਕਸਿਸ ਬੈਂਕ

ਪਰ ਹੁਣ ਕਰਮਚਾਰੀਆਂ/ਅਧਿਕਾਰੀਆਂ/ ਪੈਨਸ਼ਨਰਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਹਿਕਮੇ ਨੇ ਹੋਰ 5 ਨੰਬਰ ਬੈਂਕਾਂ ਨੂੰ ਕੇਂਦਰੀ ਤੋਰ ਤੇ ਤਨਖਾਹ/ਪੈਨਸ਼ਨ ਦੀ ਅਦਾਇਗੀ ਕਰਨ ਲਈ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਹੈ, ਜਿਸ ਅਨੁਸਾਰ ਕਰਮਚਾਰੀ /ਪੈਨਸ਼ਨਰ ਆਪਣਾ ਖਾਤਾ 6 ਨੰਬਰ ਬੈਂਕਾਂ ਤੋਂ ਇਲਾਵਾ ਹੇਠ ਲਿਖੇ ਪੰਜ ਹੋਰ ਬੈਕਾਂ ਵਿੱਚ ਵੀ ਖੁਲਵਾ ਸਕਦੇ ਹਨ। ਇਸ ਲਈ ਉਹ ਅਧਿਕਾਰੀ/ਕਰਮਚਾਰੀ/ਪੈਨਸ਼ਨਰ ਜਿੰਨ੍ਹਾਂ ਦੇ ਖਾਤੇ ਇਨ੍ਹਾਂ ਗਿਆਰਾਂ ਬੈਕਾਂ ਤੋਂ ਇਲਾਵਾ ਹੋਰ ਬੈਕਾਂ ਵਿੱਚ ਹਨ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਖਾਤੇ ਇਹਨਾਂ ਗਿਆਰਾਂ ਬੈਂਕਾਂ ਵਿਚੋਂ ਕਿਸੇ ਇਕ ਬੈਕ ਵਿਚ ਤੁਰੰਤ ਖੁਲ੍ਹਵਾਉਣ ਤਾਂ ਜੋ ਉਨ੍ਹਾਂ ਦੀਆਂ ਤਨਖਾਹਾਂ/ਪੈਨਸ਼ਨਾਂ ਦੀ ਅਦਾਇਗੀ ਕੀਤੀ ਜਾ ਸਕੇ। ਉਪਰੋਕਤ 6 ਨੰਬਰ ਬੈਕਾਂ ਤੋਂ ਇਲਾਵਾ ਜਿਹੜੇ 5 ਬੈਂਕ ਹੋਰ ਸ਼ਾਮਿਲ ਕੀਤੇ ਹਨ, ਉਹ ਹੇਠ ਲਿਖੇ ਅਨੁਸਾਰ ਹਨ:-

1. ਕੈਨਰਾ ਬੈਂਕ
2. ਵਿਜਿਯਾ ਬੈਂਕ
3. ਬੈਂਕ ਆਫ਼ ਬੜੋਦਾ
4. ਯੂਕੋ ਬੈਂਕ
5. ਆਈ.ਸੀ.ਆਈ.ਸੀ .ਆਈ. ਬੈਂਕ

ਜੇਕਰ ਕੋਈ ਕਰਮਚਾਰੀ/ਅਧਿਕਾਰੀ/ਪੈਨਸ਼ਨਰ ਉਪਰੋਕਤ ਦਰਸਾਏ ਕਿਸੇ ਇੱਕ ਬੈਂਕ ਵਿੱਚ ਖਾਤਾ ਨਹੀ਼ ਖੁਲਵਾਂਦਾ ਤਾਂ ਉਸ ਕਰਮਚਾਰੀ/ਅਧਿਕਾਰੀ ਦੀ ਤਨਖਾਹ/ਪੈਨਸ਼ਨ ਦੀ ਅਦਾਇਗੀ ਨਾ ਹੋਣ ਦੀ ਜਿੰਮੇਵਾਰੀ ਸਬੰਧਤ ਦਫ਼ਤਰ/ਕਰਮਚਾਰੀ ਦੀ ਹੋਵੇਗੀ। ਜੇਕਰ ਆਪਜੀ ਦੇ ਦਫਤਰ ਵੱਲੋ ਪਹਿਲਾਂ ਹੀ ਇਸ ਸਬੰਧੀ ਕੋਈ ਕਾਰਵਾਈ ਕੀਤੀ ਗਈ ਹੈ ਤਾਂ ਇਹ ਡਾਟਾ ਸੋਫਟਵੇਅਰ ਵਿਚ ਅੱਪਡੇਟ ਕੀਤਾ ਜਾਵੇ। ਇਥੇ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਭਵਿੱਖ ਵਿਚ ਕੋਈ ਵੀ ਤਨਖਾਹ/ਪੈਨਸ਼ਨ ਦੀ ਅਦਾਇਗੀ ਚੈਕ ਰਾਹੀ ਅਤੇ ਜੁਆਇੰਟ ਖਾਤੇ ਵਿੱਚ ਨਹੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਰਮਚਾਰੀ/ ਪੈਨਸ਼ਨਰ ਵੱਲੋਂ ਦਿੱਤੀ ਗਈ ਬੈਂਕ ਸਬੰਧੀ ਅਤੇ ਹੋਰ ਡਿਟੇਲ ਧਿਆਨ ਨਾਲ ਤਨਖਾਹ/ਪੈਨਸ਼ਨ ਸਾਫਟਵੇਅਰ ਵਿੱਚ ਅਪਡੇਟ ਕੀਤੀ ਜਾਵੇ।

ਉਕਤ ਹਦਾਇਤਾਂ ਦੀ ਪਾਲਣਾ ਬਿਨਾਂ ਕਿਸੇ ਦੇਰੀ ਤੋਂ ਯਕੀਨੀ ਬਣਾਈ ਜਾਵੇ ਜੀ।
ਇਹ ਸਮਰਥ ਅਧਿਕਾਰੀ ਦੀ ਮੰਜੂਰੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਉਪ ਮੁੱਖ ਲੇਖਾਅਫ਼ਸਰ/ਕੇਂਦਰੀਕਰਨ ਪੀ. ਅਤੇ ਪੀ,
ਪੰ.ਰਾ:ਪਾ:ਕਾ:ਲਿਮ:ਪਟਿਆਲਾ।

ਪਿੱਠ ਅੰਕਣ ਨੰ:- 2929 ਮਿਤੀ:- 10.5.2013

ਉਪਰੋਕਤ ਦਾ ਉਤਾਰਾ ਨਿਗ:ਇੰਜੀ:/ਆਈ.ਟੀ. ਨੂੰ ਪੰ.ਰਾ:ਪਾ:ਕਾ:ਲਿਮ: ਦੀ ਸਾਈਟ ਤੇ ਅੱਪਲੋਡ ਕਰਨ ਲਈ ਭੇਜਿਆ ਜਾਂਦਾ ਹੈ ਅਤੇ ਉਪਰੋਕਤ ਅਨੁਸਾਰ ਤਨਖਾਹ/ ਪੈਨਸ਼ਨ ਸਾਫਟਵੇਅਰ ਵਿੱਚ ਸੋਧ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

—sd—

ਉਪ ਮੁੱਖ ਲੇਖਾਅਫਸਰ/ਕੇਂਦਰੀਕਰਨ ਪੀ. ਅਤੇ ਪੀ,
ਪੰ.ਰਾ:ਪਾ:ਕਾ:ਲਿਮ:ਪਟਿਆਲਾ।